BRITISH COLUMBIA | HealthLinkBC

Punjabi - Number 67
September 2010

# ਨਿਊਬੋਰਨ ਸਕ੍ਰੀਨਿੰਗ ਟੈੱਸਟ
## Newborn Screening Test

### ਮੇਰੇ ਬੱਚੇ ਨੂੰ ਸਕ੍ਰੀਨਿੰਗ ਟੈੱਸਟ ਦੀ ਕਿਉਂ ਲੋੜ ਹੈ?

ਬੱਚਿਆਂ ਨੂੰ ਕੁੱਝ ਬਿਮਾਰੀਆਂ ਜਨਮ ਸਮੇਂ ਤੋਂ ਹੀ ਹੁੰਦੀਆਂ ਹਨ, ਬੇਸ਼ੱਕ ਕੋਈ ਅਲਾਮਤਾਂ ਨਾ ਹੋਣ। ਕੁਝ ਕੁ ਵਿਗਾੜਾਂ ਦਾ ਸ਼ੁਰੂ ਵਿੱਚ ਹੀ ਪਤਾ ਲਗਣ ਅਤੇ ਇਲਾਜ ਨਾਲ ਗੰਭੀਰ ਦਿਮਾਗੀ ਅਪੰਗਤਾ, ਵਿਕਾਸ ਦੀਆਂ ਮੁਸ਼ਕਲਾਂ, ਸਿਹਤ ਦੀਆਂ ਮੁਸ਼ਕਲਾਂ ਜਾਂ ਬੱਚਿਆਂ ਦੀ ਇੱਕ ਦੱਮ ਮੌਤ ਦੇ ਬਚਾਅ ਵਿੱਚ ਮਦਦ ਹੋ ਸਕਦੀ ਹੈ। ਸ਼ੁਰੂ ਵਿੱਚ ਬਿਮਾਰੀ ਦਾ ਪਤਾ ਲਗਾਉਣ ਦੇ ਇਸ ਤਰੀਕੇ ਨੂੰ ਨਿਊਬੋਰਨ ਸਕ੍ਰੀਨਿੰਗ ਟੈੱਸਟ ਕਹਿੰਦੇ ਹਨ ਇਸ ਵਿੱਚ ਖ਼ੂਨ ਦਾ ਟੈੱਸਟ ਅਤੇ ਡਾਕਟਰ ਜਾਂ ਦਾਈ ਵਲੋਂ ਧਿਆਨ ਨਾਲ ਕੀਤੀ ਗਈ ਜਾਂਚ ਸ਼ਾਮਲ ਹੈ।

### ਮੇਰੇ ਬੱਚੇ ਦਾ ਟੈੱਸਟ ਕਿਵੇਂ ਕੀਤਾ ਜਾਵੇਗਾ?

ਜਨਮ ਦੇ ਪਹਿਲੇ ਕੁਝ ਦਿਨਾਂ ਵਿੱਚ, ਖ਼ੂਨ ਦਾ ਛੋਟਾ ਜਿਹਾ ਨਮੂਨਾ ਅੱਡੀ ਵਿੱਚੋਂ ਸੂਈ ਨਾਲ ਲਿਆ ਜਾਂਦਾ ਹੈ ਜਿਸ ਨਾਲ ਕੁਝ ਦੇਰ ਲਈ ਤਕਲੀਫ਼ ਹੁੰਦੀ ਹੈ। ਖ਼ੂਨ ਦਾ ਨਮੂਨਾ ਬੀ.ਸੀ. ਚਿਲਡਰਨਜ਼ ਹਸਪਤਾਲ (BC Children's Hospital) ਦੀ ਲੈਬ ਵਿੱਚ ਜਾਂਚ ਲਈ ਭੇਜਿਆ ਜਾਂਦਾ ਹੈ।

### ਮੇਰੇ ਬੱਚੇ ਦਾ ਕਿਸ ਚੀਜ਼ ਲਈ ਟੈੱਸਟ ਹੋਵੇਗਾ?

ਤੁਹਾਡੇ ਨਵੇਂ ਜੰਮੇ ਬੱਚੇ ਦਾ metabolic disorders (ਮੈਟਾਬੋਲਿਕ ਵਿਗਾੜ), endocrine disorders (ਐਂਡੋਕ੍ਰਾਈਨ ਵਿਗਾੜ), ਖ਼ੂਨ ਦੇ ਵਿਗਾੜ ਅਤੇ Cystic Fibrosis (ਸਿਸਟਿਕ ਫ਼ਾਇਬਰੋਸਿਸ) ਲਈ ਟੈੱਸਟ ਹੋਵੇਗਾ। ਵਧੇਰੀ ਜਾਣਕਾਰੀ ਲਈ ਦੇਖੋ www.newbornscreeningbc.ca ।

### ਜਨਮ ਤੋਂ ਬਾਅਦ ਕਿੰਨੀ ਜਲਦੀ ਮੇਰੇ ਬੱਚੇ ਦਾ ਟੈੱਸਟ ਹੋਵੇਗਾ?

ਨਿਊਬੋਰਨ ਸਕ੍ਰੀਨਿੰਗ ਟੈੱਸਟ ਜਨਮ ਤੋਂ ਬਾਅਦ 24 ਅਤੇ 48 ਘੰਟਿਆਂ ਅੰਦਰ ਹੋਣਾ ਚਾਹੀਦਾ ਹੈ। ਖ਼ੂਨ ਦੇ ਟੈੱਸਟ ਤੋਂ ਬਗੈਰ ਬੱਚਿਆਂ ਨੂੰ ਹਸਪਤਾਲ ਵਿੱਚੋਂ ਨਹੀਂ ਜਾਣਾ ਚਾਹੀਦਾ।

ਹਸਪਤਾਲ ਤੋਂ ਬਾਹਰ, ਦਾਈ ਦੀ ਦੇਖ ਰੇਖ ਵਿੱਚ, ਪੈਦਾ ਹੋਏ ਬੱਚਿਆਂ, ਦਾ ਟੈੱਸਟ ਘਰ ਦੇ ਦੌਰੇ ਸਮੇਂ ਹੋਵੇਗਾ।

### ਜੇ ਮੈਂ ਨਵੇਂ ਜੰਮੇ ਬੱਚੇ ਨੂੰ 24 ਘੰਟਿਆਂ ਤੋਂ ਪਹਿਲਾਂ ਹੀ ਘਰ ਲੈ ਕੇ ਚਲੀ ਜਾਂਵਾਂ ਤਾਂ?

ਹਸਪਤਾਲ ਵਿੱਚ ਜੰਮੇ ਬੱਚੇ ਜਿਨ੍ਹਾਂ ਨੂੰ 24 ਘੰਟਿਆਂ ਤੋਂ ਪਹਿਲਾਂ ਛੁੱਟੀ ਦੇ ਦਿੱਤੀ ਜਾਂਦੀ ਹੈ ਉਨ੍ਹਾਂ ਦਾ ਦੋ ਵਾਰ ਖ਼ੂਨ ਟੈੱਸਟ ਹੋਵੇਗਾ – ਇੱਕ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਅਤੇ ਦੂਜਾ 2 ਹਫ਼ਤਿਆਂ ਦੀ ਉਮਰ ਤੋਂ ਪਹਿਲਾਂ। ਦੂਜਾ ਨਮੂਨਾ ਉਨ੍ਹਾਂ ਵਿਗਾੜਾਂ ਲਈ ਲਿਆ ਜਾਂਦਾ ਹੈ ਜੋ ਜਨਮ ਦੇ 24 ਤੋਂ 72 ਘੰਟਿਆਂ ਅੰਦਰ ਪਤਾ ਨਹੀਂ ਲਗਦੇ।

### ਇਸ ਦੇ ਨਤੀਜੇ ਕਦੋਂ ਤਿਆਰ ਹੋ ਜਾਣਗੇ?

ਇਸ ਦੇ ਨਤੀਜੇ ਆਮ ਤੌਰ ਤੇ ਕੁੱਝ ਦਿਨਾਂ ਵਿੱਚ ਹੀ ਤਿਆਰ ਹੋ ਜਾਂਦੇ ਹਨ। ਜੇ ਨਤੀਜੇ ਠੀਕ ਹਨ ਤਾਂ ਤੁਹਾਨੂੰ ਸੰਪਰਕ ਨਹੀਂ ਕੀਤਾ ਜਾਵੇਗਾ। ਜੇ ਸਕ੍ਰੀਨਿੰਗ ਟੈੱਸਟ ਦਾ ਕੋਈ ਇੱਕ ਨਤੀਜਾ ਠੀਕ ਨਹੀਂ ਤਾਂ ਤੁਹਾਡਾ ਫ਼ੈਮਲੀ ਡਾਕਟਰ ਜਾਂ ਦਾਈ ਤੁਹਾਨੂੰ ਸੰਪਰਕ ਕਰੇਗੀ ਅਤੇ ਹੋਰ ਟੈੱਸਟ ਲਈ ਪਰਬੰਧ ਕੀਤਾ ਜਾਵੇਗਾ। ਦੁਬਾਰਾ ਕੀਤੇ ਗਏ ਟੈੱਸਟ ਦੇ ਠੀਕ ਨਤੀਜੇ ਕਿਸੇ ਵਿਗਾੜ ਦੀ ਸੰਭਾਵਣਾ ਨੂੰ ਰੱਦ ਕਰਣਗੇ ਜਾਂ ਰੋਗ ਦੀ ਕੀਤੀ ਪਹਿਚਾਣ ਦੀ ਪੁਸ਼ਟੀ ਕਰਨਗੇ।

### ਨੈਗੇਟਿਵ ਸਕ੍ਰੀਨ ਟੈੱਸਟ ਦਾ ਕੀ ਮਤਲਬ ਹੈ?

ਨੈਗੇਟਿਵ ਸਕ੍ਰੀਨ ਟੈੱਸਟ ਦੇ ਨਤੀਜੇ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਵਿੱਚ ਕੋਈ ਵਿਗਾੜ ਹੋਣ ਦੀ ਸੰਭਾਵਣਾ ਬਹੁਤ ਘੱਟ ਹੈ। ਇਹ ਬਹੁਤ ਘੱਟ ਹੁੰਦਾ ਹੈ ਕਿ ਟੈੱਸਟ ਵਿੱਚ ਬੱਚੇ ਦੇ ਕਿਸੇ ਵਿਗਾੜ ਦਾ ਪਤਾ ਨਾ ਲਗੇ।

### ਜੇ ਕਿਸੇ ਅਸਾਧਾਰਨ ਵਿਗਾੜ ਬਾਰੇ ਨਤੀਜਾ ਪਾਜ਼ੇਟਿਵ ਹੋਵੇ ਤਾਂ?

ਇਨ੍ਹਾਂ ਵਿਗਾੜਾਂ ਲਈ ਬੀ.ਸੀ. ਵਿੱਚ ਹਰ ਸਾਲ ਤਕਰੀਬਨ 45000 ਬੱਚਿਆਂ ਦਾ ਟੈੱਸਟ ਹੁੰਦਾ ਹੈ, ਅਤੇ ਕਰੀਬ-ਕਰੀਬ 40 ਬੱਚਿਆਂ ਵਿੱਚ ਕਿਸੇ ਇੱਕ ਇਲਾਜਯੋਗ ਬਿਮਾਰੀ ਦੀ ਪਹਿਚਾਣ ਹੁੰਦੀ ਹੈ।

ਜ਼ਿਆਦਾਤਰ ਟੈੱਸਟ ਨੈਗੇਟਿਵ ਹੁੰਦੇ ਹਨ। ਪਰ ਜੇਕਰ ਤੁਹਾਡੇ ਬੱਚੇ ਨੂੰ ਕੋਈ ਇੱਕ ਵਿਗਾੜ ਹੈ ਤਾਂ ਜਲਦੀ ਕੀਤੀ ਗਈ ਪਹਿਚਾਣ, ਜਿੰਨੀ ਜਲਦੀ ਹੋ ਸਕੇ, ਤੁਹਾਡੇ ਬੱਚੇ ਨੂੰ ਅਸਰਦਾਰ ਇਲਾਜ ਲੈਣ ਵਿੱਚ ਮਦਦ ਕਰੇਗੀ। ਤੁਹਾਨੂੰ ਉਸ ਡਾਕਟਰ ਕੋਲ ਭੇਜਿਆ ਜਾਵੇਗਾ ਜਿਸਨੂੰ ਇਨ੍ਹਾਂ ਵਿਗਾੜਾਂ ਦਾ ਇਲਾਜ ਕਰਨ ਦਾ ਤਜਰਬਾ ਹੈ।

**ਨਿਊਬੋਰਨ ਸਕ੍ਰੀਨਿੰਗ ਬਾਰੇ ਹੋਰ ਜਾਣਕਾਰੀ ਲਈ ਦੇਖੋ www.newbornscreeningbc.ca ਜਾਂ ਆਪਣੇ ਪਰਵਾਰਕ ਡਾਕਟਰ, ਰਜਿਸਟਰਡ ਦਾਈ ਜਾਂ ਲੋਕਲ ਪਬਲਿਕ ਹੈੱਲਥ ਯੂਨਿਟ ਨੂੰ ਸੰਪਰਕ ਕਰੋ।**

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.healthlinkbc.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.healthlinkbc.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।